# CalWORKs ਅਤੇ CALFRESH ਲਈ ਤਬਦੀਲੀਆਂ ਦੀ ਜਾਣਕਾਰੀ ਦੇਣਾ

| | |
|---|---|
| ਕੇਸ ਦਾ ਨਾਂ: | |
| ਕੇਸ ਨੰਬਰ: | |
| ਕਰਮਚਾਰੀ ਦਾ ਨਾਂ: | |

**ਕਿਉਂਕਿ ਤੁਹਾਨੂੰ ☐ CalWORKs ☐ CalFresh ਮਿਲਦਾ ਹੈ, ਜਦੋਂ ਤੁਹਾਡੀ ਕੁੱਲ ਆਮਦਨੀ ਇੱਕ ਖਾਸ ਪੱਧਰ ‘ਤੇ ਪਹੁੰਚ ਜਾਂਦੀ ਹੈ ਤਾਂ ਤੁਹਾਨੂੰ 10 ਦਿਨਾਂ ਦੇ ਅੰਦਰ ਰਿਪੋਰਟ ਜ਼ਰੂਰ ਕਰਨੀ ਚਾਹੀਦੀ ਹੈ।** ਤੁਹਾਡੇ ਲਈ ਉਸ ਕਿਸੇ ਵੀ ਸਮੇਂ ਰਿਪੋਰਟ ਕਰਨੀ ਜ਼ਰੂਰੀ ਹੁੰਦੀ ਹੈ ਜਦੋਂ ਤੁਹਾਡੇ ਪਰਿਵਾਰ ਦੀ ਕੁੱਲ ਮਹੀਨਾਵਾਰ ਆਮਦਨੀ ਤੁਹਾਡੀ ਵਰਤਮਾਨ ਆਮਦਨੀ ਦੀ ਰਿਪੋਰਟ ਕਰਨ ਲਈ ਸੀਮਾ (Income Reporting Threshold - IRT) ਤੋਂ ਵੱਧ ਜਾਂਦੀ ਹੈ।

| ਬੈਨਿਫਿਟ ਦੀ ਕਿਸਮ | CalWORKs | CalFresh |
|---|---|---|
| ਪਰਿਵਾਰ ਦਾ ਆਕਾਰ | | |
| ਤੁਹਾਡੀ ਵਰਤਮਾਨ ਆਮਦਨੀ | | |
| **ਤੁਹਾਡਾ IRT ਹੈ** | | |

ਜੇ CalFresh ਲਈ ਤੁਹਾਡੀ IRT “N/A” ਦਿੱਤੀ ਗਈ ਹੈ, ਤਾਂ ਤੁਹਾਨੂੰ ਆਪਣੀ ਅਗਲੀ SAR 7 ਜਾਂ ਮੁੜ-ਪ੍ਰਮਾਣੀਕਰਨ, ਜੋ ਵੀ ਪਹਿਲਾਂ ਆਉਂਦਾ ਹੈ, ਤਕ CalFresh ਲਈ ਆਮਦਨੀ ਵਿੱਚ ਤਬਦੀਲੀਆਂ ਦੀ ਜਾਣਕਾਰੀ ਦੇਣ ਦੀ ਲੋੜ ਨਹੀਂ ਹੈ। ਪਰ, ਜੇ ਤੁਹਾਡੇ ਕੋਲ CalWORKs ਲਈ ਦਿੱਤੀ ਗਈ IRT ਰਕਮ ਹੈ, ਤਾ ਜਦੋਂ ਵੀ ਤੁਹਾਡੀ ਸਮੁੱਚੀ ਆਮਦਨੀ ਉਸ ਰਕਮ ਤੋਂ ਵੱਧ ਜਾਂਦੀ ਹੈ ਤਾਂ ਤੁਹਾਨੂੰ ਜਾਣਕਾਰੀ ਜ਼ਰੂਰ ਦੇਣੀ ਚਾਹੀਦੀ ਹੈ।

## ਰਿਪੋਰਟ ਕਿਵੇਂ ਕਰਨੀ ਹੈ?

ਜੇਕਰ ਤੁਹਾਡੀ ਕੁੱਲ ਆਮਦਨੀ ਉੱਪਰ ਦਿੱਤੀ ਗਈ IRT ਰਕਮ ਤੋਂ ਜ਼ਿਆਦਾ ਹੈ, ਤਾਂ ਤੁਹਾਨੂੰ **10 ਦਿਨਾਂ ਦੇ ਅੰਦਰ** ਕਾਉਂਟੀ ਨੂੰ ਇਸਦੀ ਜਾਣਕਾਰੀ ਦੇਣੀ ਪਵੇਗੀ। ਕਾਉਂਟੀ ਨੂੰ ਕਾਲ ਕਰ ਕੇ ਜਾਂ ਲਿਖਤੀ ਤੌਰ ‘ਤੇ ਜਾਣਕਾਰੀ ਦੇ ਕੇ ਤੁਸੀਂ ਕਾਉਂਟੀ ਨੂੰ ਇਹ ਜਾਣਕਾਰੀ ਦੇ ਸਕਦੇ ਹੋ।

“ਮਹੀਨੇ ਦੀ ਕੁਲ ਆਮਦਨੀ” ਤੋਂ ਸਾਡਾ ਅਰਥ ਹੈ:

- ⇨ ਤੁਹਾਨੂੰ ਮਿਲਣ ਵਾਲੀ ਕੋਈ ਵੀ ਰਕਮ (ਕਮਾਈ ਗਈ **ਅਤੇ ਕਮਾਈ ਨਹੀਂ ਗਈ** ਦੋਵੇਂ)
- ⇨ ਕੋਈ ਕਟੌਤੀ ਕਰਨ *ਤੋਂ ਪਹਿਲਾਂ* ਰਕਮ। (ਕਟੌਤੀ ਦੇ ਉਦਾਹਰਨ ਹਨ: ਟੈਕਸ, ਸੋਸ਼ਲ ਸਿਕਉਰਿਟੀ ਜਾਂ ਛਲਇਓਰ ਰਿਟਾਇਰਮੈਂਟ ਸਬੰਧੀ ਕੋਈ ਹੋਰ ਯੋਗਦਾਨ, ਰਕਮ ਰੋਕਣ ਸਬੰਧੀ ਅਦਾਲਤੀ ਹੁਕਮ, ਆਦਿ)

## ਕੀ ਹੋਵੇਗਾ?

- ⇨ ਤੁਹਾਡੇ IRT ਤੋਂ ਜਿਆਦਾ ਆਮਦਨੀ ਦੇ ਆਧਾਰ ਤੇ ਤੁਹਾਡੇ ਲਾਭਾਂ ਨੂੰ ਘੱਟ ਜਾਂ ਬੰਦ ਕੀਤਾ ਜਾ ਸਕਦਾ ਹੈ।
- ⇨ ਤੁਹਾਡੀ ਆਮਦਨੀ ਬਦਲਣ ਜਾਂ ਤੁਹਾਡੇ ਪਰਵਾਰ ‘ਚ ਕਿਸੇ ਵਿਅਕਤੀ ਦੇ ਸ਼ਾਮਲ ਹੋਣ ਜਾਂ ਛੱਡਣ ‘ਤੇ ਤੁਹਾਡਾ IRT ਬਦਲ ਸਕਦਾ ਹੈ।
- ⇨ ਤੁਹਾਡੇ IRT ਦੇ ਬਦਲਾਵ ਬਾਰੇ ਕਾਉਂਟੀ ਤੁਹਾਨੂੰ ਹਰ ਵਾਰੀ ਲਿਖਕੇ ਦੱਸੇਗੀ।
- ⇨ ਤੁਹਾਨੂੰ ਆਪਣੇ ਸਾਲਾਨਾ ਮੁੜ-ਨਿਰਧਾਰਣ/ਮੁੜ-ਪ੍ਰਮਾਣੀਕਰਣ (redetermination/recertification, RD/RC) ਦੇ ਦੌਰਾਨ RD/RC ਫ਼ਾਰਮ ‘ਚ ਪੁੱਛੀ ਗਈ ਸਾਰੀ ਆਮਦਨੀ ਦੀ ਜਾਣਕਾਰੀ ਦੇਣ ਦੀ ਲੋੜ ਵੀ ਹੈ, ਭਾਵੇਂ ਤੁਸੀਂ ਪਹਿਲਾਂ ਹੀ ਉਸ ਰਕਮ ਦੀ ਜਾਣਕਾਰੀ ਦਿੱਤੀ ਸੀ।

## ਰਿਪੋਰਟਿੰਗ ਨਾ ਕਰਨ ਦਾ ਜੁਰਮਾਨਾ

ਜੇਕਰ ਤੁਸੀਂ ਆਪਣੀ ਆਮਦਨੀ ਆਪਣੇ ਪਰਿਵਾਰ ਦੀ IRT ਸੀਮਾ ਤੋਂ ਵੱਧ ਹੋਣ ‘ਤੇ ਜਾਣਕਾਰੀ ਨਹੀਂ ਦਿੰਦੇ ਤਾਂ ਤੁਹਾਨੂੰ ਉਸਤੋਂ ਵੱਧ ਫ਼ਾਇਦੇ ਮਿਲ ਸਕਦੇ ਹਨ ਜਿੰਨੇ ਤੁਹਾਨੂੰ ਮਿਲਣੇ ਚਾਹੀਦੇ ਹਨ। ਤੁਹਾਨੂੰ ਆਪਣੀ ਜ਼ਾਹਰ ਨਾ ਕੀਤੀ ਗਈ ਆਮਦਨੀ ਦੇ ਅਧਾਰ ‘ਤੇ ਮਿਲਣ ਵਾਲੇ ਵਾਧੂ ਫ਼ਾਇਦੇ ਵਾਪਸ ਕਰਨੇ **ਪੈਣਗੇ**। ਜੇਕਰ ਜ਼ਿਆਦਾ ਫ਼ਾਇਦੇ ਪ੍ਰਾਪਤ ਕਰਨ ਦੀ ਕੋਸ਼ਸ਼ ਕਰਨ ਲਈ ਤੁਸੀਂ ਇਰਾਦਤਨ ਜਾਣਕਾਰੀ ਨਹੀਂ ਦਿੰਦੇ, ਤਾਂ ਇਹ ਧੋਖਾ ਹੋਵੇਗਾ, ਅਤੇ ਤੁਹਾਡੇ ‘ਤੇ ਜੁਰਮ ਦਾ ਇਲਜ਼ਾਮ ਲਗਾਇਆ ਜਾ ਸਕਦਾ ਹੈ।

**ਕਿਉਂਕਿ ਤੁਹਾਨੂੰ CalWORKs ਮਿਲਦਾ ਹੈ, ਇਸ ਲਈ ਇਹ ਵੀ ਜ਼ਰੂਰੀ ਹੈ ਕਿ ਤੁਸੀਂ ਹੇਠਾਂ ਦਿੱਤੀਆਂ ਗੱਲਾਂ ਵਾਪਰਨ ਦੇ 10 ਦਿਨਾਂ ਦੇ ਅੰਦਰ ਇਹਨਾਂ ਦੀ ਰਿਪੋਰਟ ਕਰੋ:**

1. ਕਦੇ ਵੀ ਜਦੋਂ ਕੋਈ ਤੁਹਾਡੇ ਪਰਿਵਾਰ ‘ਚ ਸ਼ਾਮਲ ਹੁੰਦਾ ਹੈ ਜਾਂ ਉਸਨੂੰ ਛੱਡ ਕੇ ਜਾਂਦਾ ਹੈ।
2. ਕਦੇ ਵੀ ਜਦੋਂ ਕੋਈ ਅਜਿਹਾ ਵਿਅਕਤੀ ਤੁਹਾਡੇ ਪਰਿਵਾਰ ਵਿੱਚ ਸ਼ਾਮਲ ਹੁੰਦਾ ਹੈ, ਤਾਂ ਤੁਹਾਡੇ ਪਰਿਵਾਰ ਵਿੱਚ ਹੈ, ਜਿਸ ਨੇ ਪ੍ਰੋਬੇਸ਼ਨ ਜਾਂ ਪੇਰੋਲ ਦੀ ਕਿਸੇ ਸ਼ਰਤ ਦੀ ਉਲੰਘਣਾ ਕੀਤੀ ਹੈ।
3. ਕਦੇ ਵੀ ਜਦੋਂ ਅਜਿਹਾ ਕੋਈ ਤੁਹਾਡੇ ਪਰਿਵਾਰ ‘ਚ ਸ਼ਾਮਲ ਹੁੰਦਾ ਹੈ, ਜਾਂ ਉਸ ‘ਚ ਮੌਜੂਦ ਹੈ, ਜੋ ਕਨੂੰਨ ਤੋਂ ਨੱਸ ਰਿਹਾ ਹੈ।
4. ਜਦੋਂ ਵੀ ਤੁਸੀਂ ਆਪਣਾ ਪਤਾ ਬਦਲਦੇ ਹੋ।

**ਜੇ ਤੁਹਾਨੂੰ CalFresh ਮਿਲਦਾ ਹੈ, ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਹੇਠਾਂ ਦਿੱਤੀਆਂ ਗੱਲਾਂ ਵਾਪਰਨ ਦੇ 10 ਦਿਨਾਂ ਦੇ ਅੰਦਰ ਇਹਨਾਂ ਦੀ ਰਿਪੋਰਟ ਕਰੋ:**

- ਜੇ ਤੁਸੀਂ ਨਿਰਭਰ ਵਿਅਕਤੀਆਂ ਦੇ ਬਿਨਾਂ ਸਮਰੱਥ ਸਰੀਰ ਵਾਲੇ ਬਾਲਗ (Able Bodied Adult Without Dependents, ABAWD) ਹੋ, ਤਾਂ ਜਦੋਂ ਕਦੇ ਵੀ ਤੁਹਾਡੇ ਕੰਮ ਜਾਂ ਸਿਖਲਾਈ ਦਾ ਸਮਾਂ ਹਫਤੇ ਵਿੱਚ 20 ਘੰਟਿਆਂ ਮਹੀਨੇ ਵਿੱਚ 80 ਘੰਟਿਆਂ ਤੋਂ ਘੱਟ ਜਾਂਦਾ ਹੈ ਤੁਹਾਨੂੰ ਰਿਪੋਰਟ ਜ਼ਰੂਰ ਕਰਨੀ ਚਾਹੀਦੀ ਹੈ।

## ਸਵੈਇੱਛਤ ਤੌਰ ‘ਤੇ ਜਾਣਕਾਰੀ ਦੇਣਾ

ਤੁਸੀਂ ਕਦੇ ਵੀ ਕਾਉਂਟੀ ਨੂੰ ਸਵੈਇੱਛਤ ਤੌਰ ‘ਤੇ ਵੀ ਬਦਲਾਵਾਂ ਦੀ ਜਾਣਕਾਰੀ ਦੇ ਸਕਦੇ ਹੋ। *ਕੁਝ ਬਦਲਾਵਾਂ ਦੀ ਜਾਣਕਾਰੀ ਦੇਣ ਨਾਲ ਤੁਹਾਨੂੰ ਜ਼ਿਆਦਾ ਫ਼ਾਇਦੇ ਮਿਲ ਸਕਦੇ ਹਨ।* ਉਦਾਹਰਨ ਲਈ:

- ਘਰ ਵਿੱਚ ਕੋਈ ਇਸਤਰੀ ਗਰਭਵਤੀ ਹੋ ਜਾਂਦੀ ਹੈ।
- Cash aid ਪ੍ਰਾਪਤ ਕਰਨ ਵਾਲੇ ਕਿਸੇ ਵਿਅਕਤੀ ਦੀ ਕੋਈ ਖ਼ਾਸ ਜ਼ਰੂਰਤ ਹੈ, ਜਿਵੇਂ: ਗਰਭ ਅਵਸਥਾ, ਡਾਕਟਰ ਦੁਆਰਾ ਨਿਰਧਾਰਿਤ ਕੀਤੀ ਗਈ ਖ਼ਾਸ ਖ਼ੁਰਾਕ, ਘਰੇਲੂ ਅਪਾਤਕਾਲ, ਆਦਿ।
- CalFresh ਲਈ, ਜੇਕਰ ਕਿਸੇ ਅਸਮਰੱਥ ਜਾਂ 60 ਸਾਲ ਜਾਂ ਉਸਤੋਂ ਵੱਧ ਉਮਰ ਦੇ ਕਿਸੇ ਵਿਅਕਤੀ ਦੇ ਨਵੇਂ ਜਾਂ ਆਪਣੇ ਵੱਲੋਂ ਕੀਤੇ ਜਾਣ ਵਾਲੇ ਵਾਧੂ ਡਾਕਟਰੀ ਖ਼ਰਚੇ ਹਨ।